

ਮੋਗਾ ਵਿਖੇ ਗੌਰਮਿੰਟ ਟੀਚਰਜ਼ ਯੂਨੀਅਨ ਦੇ ਆਗੂ ਨਵੇਂ ਸਾਲ ਦਾ ਕਲੰਡਰ ਜਾਰੀ ਕਰਦੇ ਹੋਏ। ਤਸਵੀਰ : ਹਰਜੀਤ ਸਿੰਘ

# ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਵਲੋਂ ਸਾਲ 2022 ਦਾ ਕਲੰਡਰ ਜਾਰੀ

ਮੋਗਾ, 3 ਜਨਵਰੀ (ਸੁਰਿੰਦਰਪਾਲ ਸਿੰਘ, ਅਸ਼ੋਕ ਬਾਂਸਲ)- ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵਲੋਂ ਅੱਜ ਇੱਥੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਚ ਕਿਸਾਨਾਂ ਮਜ਼ਦੂਰਾਂ ਦੇ ਮਿਸਾਲੀ ਸੰਘਰਸ਼ ਦੀ ਫਤਹਿ-ਇਸ ਅੰਦੋਲਨ ਦੇ ਮਹਾਨ ਸ਼ਹੀਦਾਂ ਅਤੇ ਮਰਹੂਮ ਮੁਲਾਜ਼ਮ ਆਗੂ ਸਾਥੀ ਸੱਜਣ ਸਿੰਘ ਨੂੰ ਸਮਰਪਿਤ ਸਾਲ 2022 ਦਾ ਕਲੰਡਰ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ ਅਤੇ ਹੋਰ ਕਾਰਜਕਾਰਨੀ ਕਮੇਟੀ ਮੈਂਬਰਾਂ ਦੀ ਮੌਜੂਦਗੀ ਵਿਚ ਜਾਰੀ ਕੀਤਾ ਗਿਆ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੇਮ ਚਾਵਲਾ, ਜਨਰਲ ਸਕੱਤਰ ਬਲਕਾਰ ਵਲਟੋਹਾ, ਵਿਤ ਸਕੱਤਰ ਨਵੀਨ ਕੁਮਾਰ ਸਚਦੇਵਾ ਅਤੇ ਪ੍ਰੈੱਸ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ ਨੇ ਦੱਸਿਆ ਕਿ ਕਲੰਡਰ ਜਾਰੀ ਕਰਨ ਤੋਂ ਪਹਿਲਾਂ ਆਗੂਆਂ ਦੀ ਹੋਈ ਮੀਟਿੰਗ ਵਿਚ ਪਿਛਲੇ ਸਮੇਂ ਦੌਰਾਨ ਪੰਜਾਬ ਸਰਕਾਰ ਵਲੋਂ ਅਧਿਆਪਕਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਧਾਰਨ ਕੀਤੇ ਗਏ ਰਵੱਈਏ ਦੀ ਚਰਚਾ ਕੀਤੀ ਤੇ 8 ਜਨਵਰੀ ਨੂੰ ਦਿੱਲੀ-ਅੰਮ੍ਰਿਤਸਰ ਰਾਸ਼ਟਰੀ ਰਾਜ ਮਾਰਗ 'ਤੇ ਲਾਡੋਵਾਲ ਟੋਲ ਪਲਾਜ਼ਾ ਕੋਲ ਆਵਾਜਾਈ ਠੱਪ ਕਰਨ ਦੇ ਐਕਸ਼ਨ 'ਚ ਭਰਵੀਂ ਸ਼ਮੂਲੀਅਤ ਕਰਨ ਦਾ ਨਿਰਣਾ ਲਿਆ ਗਿਆ। ਇਸ ਮੌਕੇ ਅਧਿਆਪਕ ਆਗੂ ਗੁਰਪ੍ਰੀਤ ਸਿੰਘ ਮਾੜੀ ਮੇਘਾ, ਬਾਜ਼ ਸਿੰਘ ਭੁੱਲਰ, ਕਾਰਜ ਸਿੰਘ ਕੈਰੋਂ, ਹਰਦੇਵ ਸਿੰਘ ਭਕਨਾ, ਬੂਟਾ ਸਿੰਘ ਭੱਟੀ, ਜਸਪਾਲ ਸੰਧੂ ਜਲੰਧਰ, ਜਗਦੀਸ਼ ਰਾਏ ਰਾਹੋਂ, ਕੁਲਦੀਪ ਕੁਮਾਰ ਅੰਮ੍ਰਿਤਸਰ, ਚਰਨਜੀਤ ਸਿੰਘ ਬਰਨਾਲਾ, ਮਨਜੀਤ ਸਿੰਘ ਤੂਰ, ਸਤਪਾਲ ਸਿੰਘ ਸਹਿਗਲ ਤੇ ਭਰਾਤਰੀ ਜਥੇਬੰਦੀ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾਈ ਆਗੂ ਬਲਬੀਰ ਸਿੰਘ ਰਾਮੂੰਵਾਲਾ, ਪੋਹਲਾ ਸਿੰਘ ਬਰਾੜ ਤੇ ਗੁਰਦੇਵ ਸਿੰਘ ਬਾਘਾ ਪੁਰਾਣਾ ਆਦਿ ਸ਼ਾਮਲ ਸਨ।

# ਜਗਤਾਰ ਸਿੰਘ ਰਾਜੇਆਣਾ ਵਲੋਂ ਅੱਜ ਪਿੰਡ ਰਾਜੇਆਣਾ ਵਿਖੇ ਵਿਸ਼ਾਲ ਮੀਟਿੰਗ

ਬਾਘਾਪੁਰਾਣਾ, 3 ਜਨਵਰੀ (ਗੁਰਮੀਤ ਸਿੰਘ ਮਾਣੂੰਕੇ)-ਹਲਕਾ ਬਾਘਾਪੁਰਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਸਾਬਕਾ ਵਿਧਾਇਕ ਸਵ: ਸਾਧੂ ਸਿੰਘ ਰਾਜੇਆਣਾ ਦੇ ਹੋਣਹਾਰ ਪੁੱਤਰ ਅਤੇ ਸਿਰਕੱਢ ਆਗੂ ਸਾਬਕਾ ਚੇਅਰਮੈਨ ਜਗਤਾਰ ਸਿੰਘ ਰਾਜੇਆਣਾ ਜੋ ਕਿ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ ਅਲਵਿਦਾ ਕਹਿ ਗਏ ਸਨ, ਵਲੋਂ ਪਿੰਡ ਰਾਜੇਆਣਾ ਵਿਖੇ ਵਿਸ਼ਾਲ ਮੀਟਿੰਗ ਕੀਤੀ ਜਾ ਰਹੀ ਹੈ। ਸਾਬਕਾ ਚੇਅਰਮੈਨ ਜਗਤਾਰ ਸਿੰਘ ਰਾਜੇਆਣਾ ਨੇ ਕਿਹਾ ਪਾਰਟੀ ਦੀ ਮੁੱਢਲੀ



ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਉਨ੍ਹਾਂ ਵਲੋਂ 4 ਜਨਵਰੀ ਦਿਨ ਮੰਗਲਵਾਰ ਦੁਪਹਿਰ 2 ਵਜੇ ਪਿੰਡ ਰਾਜੇਆਣਾ ਵਿਖੇ ਉਨ੍ਹਾਂ ਦੇ ਫਾਰਮ ਹਾਊਸ 'ਤੇ ਵਿਸ਼ਾਲ ਮੀਟਿੰਗ ਕੀਤੀ ਜਾ ਰਹੀ ਹੈ। ਮੀਟਿੰਗ 'ਚ ਉਨ੍ਹਾਂ ਵਲੋਂ ਉਨ੍ਹਾਂ ਦੇ ਸਮਰਥਕਾਂ ਦੇ ਕਹਿਣ 'ਤੇ ਵੱਡਾ ਸਿਆਸੀ ਫ਼ੈਸਲਾ ਲਿਆ ਜਾਣਾ ਹੈ ਜਿਸ ਨੇ ਆਉਣ ਵਾਲੇ ਸਮੇਂ 'ਚ ਵਿਧਾਨ ਸਭਾ ਹਲਕਾ ਬਾਘਾਪੁਰਾਣਾ ਦੇ ਚੋਣ ਸਮੀਕਰਨ ਨੂੰ ਬਦਲ ਕੇ ਰੱਖ ਦੇਣਾ ਹੈ। ਇਸ ਮੌਕੇ ਉਨ੍ਹਾਂ ਹਲਕੇ ਦੇ ਸਮਰਥਕਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।



ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਵਿਨੇ ਸ਼ਰਮਾ ਜਸਵੰਤ ਸਿੰਘ ਰਾਜਾ ਨੂੰ ਨਿਯੁਕਤੀ ਪੱਤਰ ਦਿੰਦੇ ਹੋਏ। ਨਾਲ ਹਨ ਸੀਨੀਅਰ ਆਗੂ ਤਰਲੋਚਨ ਸਿੰਘ ਗਿੱਲ, ਬੋਹੜ ਸਿੰਘ ਤੇ ਹੋਰ। ਅਜੀਤ ਤਸਵੀਰ

# ਜਸਵੰਤ ਸਿੰਘ ਰਾਜਾ ਘੱਲ ਕਲਾਂ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਿਲ

**ਦਿਹਾਤੀ ਸਰਕਲ ਪ੍ਰਧਾਨ ਦੀ ਸੌਂਪੀ ਜ਼ਿੰਮੇਵਾਰੀ**

ਮੋਗਾ, 3 ਜਨਵਰੀ (ਗੁਰਤੇਜ ਸਿੰਘ, ਸੁਰਿੰਦਰਪਾਲ ਸਿੰਘ)-ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂਆਂ 'ਚ ਸ਼ਾਮਿਲ ਸਾਬਕਾ ਚੇਅਰਮੈਨ ਬਲਦੇਵ ਸਿੰਘ ਘੱਲ ਕਲਾਂ ਦੇ ਬੇਟੇ ਜਸਵੰਤ ਸਿੰਘ ਰਾਜਾ ਆਪਣੇ 20 ਦੇ ਕਰੀਬ ਸਾਥੀਆਂ ਸਮੇਤ ਅੱਜ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਵਿਨੇ ਸ਼ਰਮਾ ਦੀ ਹਾਜ਼ਰੀ ਵਿਚ ਭਾਜਪਾ ਵਿਚ ਸ਼ਾਮਿਲ ਹੋ ਗਏ। ਇਸ ਮੌਕੇ ਉਨ੍ਹਾਂ ਨੂੰ ਦਿਹਾਤੀ ਸਰਕਲ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਤੇ ਨਾਲ ਹੀ ਨਿਯੁਕਤੀ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਜਸਵੰਤ ਸਿੰਘ ਰਾਜਾ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਰਹਿ ਕੇ ਕਈ ਦਹਾਕੇ ਪਾਰਟੀ ਦੀ ਸੇਵਾ ਕੀਤੀ ਪਰ ਹੁਣ ਮਹਿਸੂਸ ਹੋ ਰਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਅੰਦਰ ਵੀ ਉਹ ਸਤਿਕਾਰ ਨਹੀਂ ਰਿਹਾ ਜੋ ਉਨ੍ਹਾਂ ਦੇ ਪਿਤਾ ਬਲਦੇਵ ਸਿੰਘ ਵੇਲੇ ਸੀ। ਇਸ ਲਈ ਉਨ੍ਹਾਂ ਨੇ ਆਪਣੇ ਸਤਿਕਾਰ ਨੂੰ ਬਹਾਲ ਰੱਖਣ ਲਈ ਹੀ ਭਾਜਪਾ ਦਾ ਪੱਲਾ ਫੜਿਆ। ਇਸ ਮੌਕੇ ਤਰਲੋਚਨ ਸਿੰਘ ਗਿੱਲ ਸੀਨੀਅਰ ਆਗੂ, ਰਾਹੁਲ ਗਰਗ, ਸਤਨਾਮ ਸਿੰਘ ਗਿੱਲ, ਸਰਦੂਲ ਸਿੰਘ ਕੰਗ ਆਦਿ ਆਗੂ ਵੀ ਹਾਜ਼ਰ ਸਨ। ਸ਼ਾਮਿਲ ਹੋਣ ਵਾਲੇ ਹੋਰ ਵਿਅਕਤੀਆਂ ਵਿਚ ਅਮਰਜੀਤ ਸਿੰਘ, ਹਰਬੰਸ ਸਿੰਘ ਗੋਲਾ, ਪਿਆਰਾ ਸਿੰਘ, ਸੁਲੱਖਣ ਸਿੰਘ ਮੈਂਬਰ, ਲਖਵੀਰ ਸਿੰਘ, ਜਗਰਾਜ ਸਿੰਘ, ਬਲਜਿੰਦਰ ਸਿੰਘ, ਸੁਰਜਨ ਸਿੰਘ, ਬਲਜੀਤ ਸਿੰਘ, ਜਗਦੀਪ ਸਿੰਘ, ਸੁਖਜਿੰਦਰ ਸਿੰਘ, ਸੁਖਦੇਵ ਸਿੰਘ, ਅਜਮੇਰ ਸਿੰਘ, ਪ੍ਰਦੀਪ ਸਿੰਘ, ਦਰਸ਼ਨ ਸਿੰਘ ਨੰਬਰਦਾਰ, ਜਗੀਰ ਸਿੰਘ ਨਿੱਕਾ, ਬਲਵਿੰਦਰ ਸਿੰਘ, ਜਗਜੀਤ ਸਿੰਘ ਪੱਪੂ, ਰੁਪਿੰਦਰ ਸਿੰਘ ਪਿੰਦਾ ਆਦਿ ਸ਼ਾਮਿਲ ਹਨ।

## ਜਨਮ ਦਿਨ ਮੁਬਾਰਕ



**ਨਵਦੀਪ ਕੌਰ**
ਪਿਤਾ: ਹਰਦਮ ਸਿੰਘ
ਮਾਤਾ: ਸਿਮਰਜੀਤ ਕੌਰ
ਵਾਸੀ ਖੋਸਾ ਪਾਂਡੋ।



**ਹਰਮਨਦੀਪ ਸਿੰਘ**
ਪਿਤਾ ਸੰਦੀਪ ਸਿੰਘ
ਮਾਤਾ ਵੀਰਪਾਲ ਕੌਰ
ਪਿੰਡ ਕਿਸ਼ਨਪੁਰਾ ਕਲਾਂ।



ਹਲਕਾ ਨਿਹਾਲ ਸਿੰਘ ਵਾਲਾ ਤੋਂ ਉਮੀਦਵਾਰ ਬਲਦੇਵ ਸਿੰਘ ਮਾਣੂੰਕੇ ਲਈ ਅਜੀਤਵਾਲ ਹੋਏ ਇਕੱਠ ਨੂੰ ਸੰਬੋਧਨ ਕਰਦੇ ਹੋਏ ਬਰਜਿੰਦਰ ਸਿੰਘ ਬਰਾੜ, ਨਾਲ ਹਾਜ਼ਰ ਲੀਡਰਸ਼ਿਪ। ਤਸਵੀਰ: ਹਰਦੇਵ ਸਿੰਘ ਮਾਨ

# ਅਕਾਲੀ ਉਮੀਦਵਾਰ ਮਾਣੂੰਕੇ ਦੇ ਹੱਕ 'ਚ ਅਜੀਤਵਾਲ ਵਿਖੇ ਇਕੱਤਰਤਾ

ਅਜੀਤਵਾਲ, 3 ਜਨਵਰੀ (ਹਰਦੇਵ ਸਿੰਘ ਮਾਨ)-ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਬਸਪਾ ਦੇ ਹਲਕਾ ਨਿਹਾਲ ਸਿੰਘ ਵਾਲਾ ਤੋਂ ਉਮੀਦਵਾਰ ਬਲਦੇਵ ਸਿੰਘ ਮਾਣੂੰਕੇ ਦੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਅਜੀਤਵਾਲ ਵਿਖੇ ਪੰਚ ਸੁਖਵਿੰਦਰ ਸਿੰਘ ਦੇ ਗ੍ਰਹਿ ਵਿਖੇ ਇਕੱਠ ਹੋਇਆ। ਇਸ ਮੌਕੇ ਬਰਜਿੰਦਰ ਸਿੰਘ ਬਰਾੜ, ਚੇਅਰਮੈਨ ਖਣਮੁੱਖ ਭਾਰਤੀ ਪੱਤੋ, ਸਾਬਕਾ ਚੇਅਰਮੈਨ ਰਣਧੀਰ ਸਿੰਘ ਢਿੱਲੋਂ, ਚੇਅਰਮੈਨ ਰਜਿੰਦਰਪਾਲ ਸਿੰਘ, ਰਣਵਿੰਦਰ ਸਿੰਘ ਰਾਮੂੰਵਾਲਾ, ਪ੍ਰਧਾਨ ਇੰਦਰਜੀਤ ਸਿੰਘ, ਸਰਕਲ ਪ੍ਰਧਾਨ ਬਲਜੀਤ ਸਿੰਘ ਚੁਗਾਵਾਂ ਸਮੇਤ ਹੋਰ ਆਗੂਆਂ, ਵਰਕਰਾਂ ਅਤੇ ਪਿੰਡ ਦੇ ਬਾਸ਼ਿੰਦਿਆਂ ਨੇ ਸ਼ਮੂਲੀਅਤ ਕੀਤੀ। ਅਕਾਲੀ ਬਸਪਾ ਉਮੀਦਵਾਰ ਮਾਣੂੰਕੇ ਦੀ ਜਿੱਤ ਲਈ ਅਪੀਲ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਅਕਾਲੀ ਸਰਕਾਰ ਦੇ ਰਾਜ ਸਮੇਂ ਕੀਤੇ ਵਿਕਾਸ ਕਾਰਜਾਂ ਨੂੰ ਪੰਜਾਬ ਵਾਸੀ ਯਾਦ ਕਰ ਰਹੇ ਹਨ ਤੇ ਹੁਣ ਆਪ ਅਤੇ ਕਾਂਗਰਸ ਦੇ ਝੂਠੇ ਲਾਰਿਆਂ ਵਿਚ ਨਹੀਂ ਆਉਣਗੇ ਤੇ ਅਕਾਲੀ ਬਸਪਾ ਦੀ ਸਰਕਾਰ ਬਣਾਉਣ ਲਈ ਕਾਹਲੇ ਹਨ। ਸਟੇਜ ਦੀ ਕਾਰਵਾਈ ਸਾਬਕਾ ਚੇਅਰਮੈਨ ਰਣਧੀਰ ਸਿੰਘ ਢਿੱਲੋਂ ਨੇ ਚਲਾਈ। ਇਸ ਮੌਕੇ ਪੰਚ ਨਿਰਮਲ ਸਿੰਘ, ਨੰਬਰਦਾਰ ਜਗਮੋਹਨ ਸਿੰਘ, ਲਾਡੀ ਵਾਲੀਆ, ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਚੂਹੜਚੱਕ, ਡਾ. ਨਿਰਮਲ ਸਿੰਘ ਭੱਟੀ, ਅਮਨਦੀਪ ਸਿੰਘ ਹੇਰਾਂ, ਸਾਬਕਾ ਪੰਚ ਅਜਮੇਰ ਸਿੰਘ, ਸਤਨਾਮ ਸਿੰਘ, ਦੀਪੂ ਸੰਧੂ, ਸੁਖਵਿੰਦਰ ਸਿੰਘ, ਮਨਿੰਦਰ ਸੇਖੋਂ, ਅਮਨਦੀਪ ਅਮਨਾ ਆਦਿ ਮੌਜੂਦ ਸਨ।

# ਐਡਵੋਕੇਟ ਗੁਰਦੀਸ਼ ਖੋਸਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਮੋਗਾ, 3 ਜਨਵਰੀ (ਸੁਰਿੰਦਰਪਾਲ ਸਿੰਘ)- ਬਹੁਪੱਖੀ ਸ਼ਖ਼ਸੀਅਤ ਸਾਬਕਾ ਬਾਰ ਪ੍ਰਧਾਨ ਤੇ ਭੰਗੜਾ ਕੋਚ ਐਡਵੋਕੇਟ ਗੁਰਦੀਸ਼ ਖੋਸਾ ਦੀ ਬੇਵਕਤੀ ਮੌਤ ਨਾਲ ਵੱਖ ਖੇਤਰ ਦੀਆਂ ਨਾਮਵਰ ਹਸਤੀਆਂ ਸਾਕ ਸੰਬੰਧੀਆਂ ਤੇ ਸਨੇਹੀਆਂ ਨੂੰ ਗਹਿਰਾ ਸਦਮਾ ਪਹੁੰਚਿਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਡਾਇਰੈਕਟਰ ਡਾਕ ਨਿਰਮਲ ਜੌੜਾ, ਰੰਗਲਾ ਪੰਜਾਬ ਕਲਚਰਲ ਸੋਸਾਇਟੀ ਦੇ ਮੈਂਬਰ ਲੋਕ ਗਾਇਕ ਚਰਨਜੀਤ ਸਲੀਣਾ, ਹਰਜੀਤ ਹੱਲਣ, ਹਰਮਿੰਦਰ ਬਰਾੜ, ਪਰੀਤ ਚਾਹਲ, ਰਾਜਿੰਦਰ ਲਾਡੀ, ਕੁਲਵਿੰਦਰ ਸਿੰਘ, ਸੁਖਮੰਦਰ ਸਿੰਘ ਕਾਲਾ, ਢੋਲੀ ਬਲਜੀਤ, ਸੰਦਲੀ, ਪਰਮਜੀਤ, ਸੀਤਲ, ਬਲਜਿੰਦਰ ਸੇਖਾ ਕੈਨੇਡਾ, ਚੇਅਰਮੈਨ ਦਵਿੰਦਰਪਾਲ ਸਿੰਘ ਰਿੰਪੀ, ਨਵਨੀਤ ਸਿੰਘ ਸੇਖਾ, ਬਲਕਾਰ ਸਿੱਧੂ ਲੋਕ ਗਾਇਕ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਸਵਰਗੀ ਗੁਰਦੀਸ਼ ਸਿੰਘ ਖੋਸਾ ਨਮਿਤ ਸਹਿਜ ਪਾਠ ਦਾ ਭੋਗ 6 ਜਨਵਰੀ ਦਿਨ ਵੀਰਵਾਰ ਨੂੰ ਗੁਰਦੁਆਰਾ ਸ੍ਰੀ ਵਿਸ਼ਵਕਰਮਾ ਭਵਨ ਮੋਗਾ ਵਿਖੇ ਦੁਪਹਿਰ 12 ਤੋਂ 1 ਵਜੇ ਤੱਕ ਪਵੇਗਾ।





ਵਿਧਾਇਕ ਡਾ: ਹਰਜੋਤ ਕਮਲ ਨਵੇਂ ਬੋਰ ਦਾ ਉਦਘਾਟਨ ਕਰਦੇ ਹੋਏ, ਨਾਲ ਹਨ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸ਼ਰਮਾ ਪੀਨਾ ਤੇ ਮੁਹੱਲਾ ਵਾਸੀ। ਤਸਵੀਰ : ਹਰਜੀਤ ਸਿੰਘ

# ਵਿਧਾਇਕ ਡਾ: ਹਰਜੋਤ ਕਮਲ ਨੇ ਵਾਰਡ ਨੰਬਰ 36 'ਚ ਨਵੇਂ ਬੋਰ ਦੀ ਕਰਵਾਈ ਸ਼ੁਰੂਆਤ

ਮੋਗਾ, 3 ਜਨਵਰੀ (ਸੁਰਿੰਦਰਪਾਲ ਸਿੰਘ, ਗੁਰਤੇਜ ਸਿੰਘ)- ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਪੰਜਾਬ ਸਰਕਾਰ ਵਲੋਂ ਕੀਤੇ ਨਿਵੇਕਲੇ ਕੰਮਾਂ ਸਦਕਾ ਸੂਬੇ ਦੇ ਹਰ ਵਰਗ ਦੇ ਲੋਕਾਂ ਵਲੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾ ਵਿਧਾਇਕ ਡਾ: ਹਰਜੋਤ ਕਮਲ ਨੇ ਵਾਰਡ ਨੰਬਰ 36 ਵਿਚ 19 ਲੱਖ ਦੀ ਲਾਗਤ ਨਾਲ ਨਵੇਂ ਬੋਰ ਦਾ ਉਦਘਾਟਨ ਕਰਦਿਆਂ ਕੀਤਾ। ਵਿਧਾਇਕ ਡਾ: ਹਰਜੋਤ ਕਮਲ ਨੇ ਆਖਿਆ ਕਿ ਮੋਗਾ ਦੇ ਸ਼ਹਿਰ ਵਾਸੀਆਂ ਨੂੰ ਹਰ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਉਨ੍ਹਾਂ ਨੇ ਪਿਛਲੇ ਪੰਜ ਸਾਲਾਂ ਦੌਰਾਨ ਨਿਠ ਕੇ ਕੰਮ ਕੀਤਾ ਹੈ। ਉਨ੍ਹਾਂ ਆਖਿਆ ਕਿ ਬੇਸ਼ੱਕ ਪਹਿਲੇ ਤਿੰਨ ਸਾਲ ਤਾਂ ਨਗਰ ਨਿਗਮ ਹਾਊਸ ਵਿਚ ਉਨ੍ਹਾਂ ਦੀ ਟੀਮ ਸ਼ਾਮਲ ਨਹੀਂ ਸੀ ਪਰ ਚੋਣਾਂ ਉਪਰੰਤ ਨਵਾਂ ਨਿਗਮ ਹਾਊਸ ਹੋਂਦ ਵਿਚ ਆਉਣ 'ਤੇ ਉਨ੍ਹਾਂ ਨੇ ਟੀਮ ਹਰਜੋਤ ਅਤੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਮੋਗਾ ਦੇ ਹਰ ਵਾਰਡ ਵਿਚ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਜੀਅ ਜਾਨ ਨਾਲ ਕੰਮ ਕਰਵਾਏ ਹਨ। ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸ਼ਰਮਾ ਪੀਨਾ ਨੇ ਇਹ ਬੋਰ ਕਰਵਾਉਣ ਲਈ ਵਿਧਾਇਕ ਦਾ ਧੰਨਵਾਦ ਕੀਤਾ। ਉਨ੍ਹਾਂ ਆਖਿਆ ਕਿ ਪੁਰਾਣੇ ਬੋਰ ਵਿਚੋਂ ਪਾਣੀ ਵਿਚ ਰੇਤਾ ਮਿਲ ਕੇ ਆਉਂਦੀ ਸੀ ਤੇ ਜਦੋਂ ਉਨ੍ਹਾਂ ਨੇ ਵਿਧਾਇਕ ਡਾ. ਹਰਜੋਤ ਕਮਲ ਦੇ ਧਿਆਨ ਵਿਚ ਇਹ ਸਮੱਸਿਆ ਲਿਆਂਦੀ ਤਾਂ ਵਿਧਾਇਕ ਨੇ ਤੁਰੰਤ ਲੋਕਾਂ ਦੀ ਸਿਹਤ ਦੇ ਮੱਦੇਨਜ਼ਰ ਇਹ ਬੋਰ ਕਰਵਾਉਣ ਦਾ ਫ਼ੈਸਲਾ ਲਿਆ। ਇਸ ਮੌਕੇ ਸਿਆਸੀ ਸਕੱਤਰ ਗੁਰਮਿੰਦਰਜੀਤ ਬਬਲੂ, ਨੌਜਵਾਨ ਕਾਂਗਰਸੀ ਆਗੂ ਲਖਵੀਰ ਸਿੰਘ, ਪ੍ਰਿੰਸ ਗੈਦੂ, ਪਵਨ ਪੰਮਾ, ਜਤਿੰਦਰ ਗੋਇਲ ਆਦਿ ਹਾਜ਼ਰ ਸਨ।



ਇਮਾਨਦਾਰੀ ਦਿਖਾਉਂਦਿਆਂ ਨਗਰ ਨਿਗਮ ਦੀ ਕਰਮਚਾਰੀ ਬੇਅੰਤ ਕੌਰ ਦਾ ਡਿੱਗਿਆ ਮੋਬਾਈਲ ਫ਼ੋਨ ਮੋਗਾ ਨਿਵਾਸੀ ਨੰਨੂ ਅਰੋੜਾ ਉਨ੍ਹਾਂ ਨੂੰ ਵਾਪਸ ਕਰਦੇ ਹੋਏ, ਨਾਲ ਹਨ ਪ੍ਰਧਾਨ ਸਤਪਾਲ ਅੰਜਾਨ, ਪ੍ਰਧਾਨ ਸੇਵਕ ਰਾਮ ਫ਼ੌਜੀ, ਸੁਰਜੀਤ ਸਿੰਘ ਆਹਲੂਵਾਲੀਆ, ਰਾਜਿੰਦਰ ਨੰਦਾ, ਰਵੀ ਸਾਰਵਨ, ਰੋਹਿਤ ਕੁਮਾਰ। ਤਸਵੀਰ: ਅਸ਼ੋਕ ਬਾਂਸਲ



ਅੱਜ ਪਿੰਡ ਤਲਵੰਡੀ ਮੱਲੀਆਂ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਣ ਸਮੇਂ ਪ੍ਰਧਾਨ ਬਲਵੰਤ ਸਿੰਘ, ਪ੍ਰਧਾਨ ਜਗਰਾਜ ਸਿੰਘ, ਬਾਬਾ ਰਾਮ ਸਿੰਘ, ਗੁਰਮੇਲ ਸਿੰਘ ਬਲਾਕ ਪ੍ਰਧਾਨ, ਸੁਖਦੇਵ ਸਿੰਘ ਬਿੱਲੂ ਪ੍ਰਧਾਨ, ਨਾਜ਼ਰ ਸਿੰਘ ਮੈਂਬਰ ਬਲਾਕ ਸੰਮਤੀ, ਮਾਸਟਰ ਸੁਖਦੇਵ ਸਿੰਘ, ਜੋਰਾ ਸਿੰਘ ਮੱਲ੍ਹੀ, ਗੁਰਮੇਲ ਸਿੰਘ ਗੇਲੂ, ਬਲਦੇਵ ਕ੍ਰਿਸ਼ਨ, ਸੂਬੇਦਾਰ ਮੇਜਰ ਗੁਰਮੀਤ ਸਿੰਘ ਮੱਲ੍ਹੀ। ਤਸਵੀਰ: ਅਮੋਲਕ ਸਿੰਘ ਕਲਸੀ




# ਬਰਾਈਟ ਸਟੋਨ ਆਈਲਟਸ ਸੈਂਟਰ ਬਾਘਾਪੁਰਾਣਾ ਨੇ ਲਗਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾਪੁਰਾਣਾ, 3 ਜਨਵਰੀ (ਗੁਰਮੀਤ ਸਿੰਘ ਮਾਣੂੰਕੇ)- ਨਹਿਰੂ ਮੰਡੀ ਬਾਘਾਪੁਰਾਣਾ 'ਚ ਸਥਿਤ ਬਰਾਈਟ ਸਟੋਨ ਆਈਲਟਸ ਐਂਡ ਇਮੀਗ੍ਰੇਸ਼ਨ ਸੰਸਥਾ ਬਾਘਾਪੁਰਾਣਾ ਜਿਸ ਤੋਂ ਵਿਦਿਆਰਥੀ ਹਰ ਹਫ਼ਤੇ ਚੰਗੇ ਬੈਂਡ ਪ੍ਰਾਪਤ ਕਰਕੇ ਵਿਦੇਸ਼ ਜਾਣ ਦਾ ਸੁਪਨਾ ਪੂਰਾ ਕਰ ਰਹੇ ਹਨ। ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣ ਚੁੱਕੀ ਹੈ ਉਕਤ ਪ੍ਰਗਟਾਵਾ ਸੰਸਥਾ ਦੇ ਐਮ.ਡੀ. ਲਖਵਿੰਦਰ ਸਿੰਘ ਢਿੱਲੋਂ, ਸੀ.ਈ.ਓ. ਮਨਦੀਪ ਕੌਰ ਢਿੱਲੋਂ ਨੇ ਵਿਦਿਆਰਥਣ ਨੂੰ ਵਧਾਈ ਦੇਣ ਸਮੇਂ ਕੀਤਾ। ਉਨ੍ਹਾਂ ਦੱਸਿਆ ਕਿ ਵਿਦਿਆਰਥਣ ਰਾਜਪ੍ਰੀਤ ਕੌਰ ਪੁੱਤਰੀ ਬਲਦੇਵ ਸਿੰਘ ਵਾਸੀ ਸੰਗਤਪੁਰਾ ਨੇ ਪਹਿਲੀ ਵਾਰ ਬਰਾਈਟ ਸਟੋਨ ਆਈਲਟਸ ਸੰਸਥਾ ਦੇ ਮਿਹਨਤੀ ਸਟਾਫ਼ ਤੋਂ ਸਟੱਡੀ ਪ੍ਰਾਪਤ ਕਰਕੇ ਮਨਚਾਹੇ ਬੈਂਡ ਪ੍ਰਾਪਤ ਕੀਤਾ ਜਿਸ ਉਪਰੰਤ ਸੰਸਥਾ ਨੇ ਵਿਦਿਆਰਥਣ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾਇਆ।



ਸੰਸਥਾ ਦੀ ਸੀ.ਈ.ਓ. ਮਨਦੀਪ ਕੌਰ ਢਿੱਲੋਂ ਵਿਦਿਆਰਥਣ ਨੂੰ ਵੀਜ਼ਾ ਕਾਪੀ ਸੌਂਪਦੇ ਹੋਏ। ਤਸਵੀਰ : ਮਾਣੂੰਕੇ



ਸੰਸਥਾ ਦੇ ਐਮ.ਡੀ. ਗੁਰਸੇਵਕ ਸਿੰਘ ਲੰਡੇ ਵੀਜ਼ਾ ਕਾਪੀ ਸੌਂਪਦੇ ਹੋਏ। ਤਸਵੀਰ: ਮਾਣੂੰਕੇ

# ਵਿਕਟੋਰੀਅਸ ਆਈਲਟਸ ਤੇ ਇਮੀਗ੍ਰੇਸ਼ਨ ਸੰਸਥਾ ਨੇ ਲਗਵਾਇਆ ਯੂ.ਕੇ. ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ, 3 ਜਨਵਰੀ (ਗੁਰਮੀਤ ਸਿੰਘ ਮਾਣੂੰਕੇ)- ਸਥਾਨਕ ਸ਼ਹਿਰ ਦੀ ਕੋਟਕਪੂਰਾ ਰੋਡ 'ਤੇ ਸਥਿਤ ਵਿਕਟੋਰੀਅਸ ਆਈਲਟਸ ਤੇ ਇਮੀਗ੍ਰੇਸ਼ਨ ਸੰਸਥਾ ਬਾਘਾ ਪੁਰਾਣਾ ਦੇ ਵਿਦਿਆਰਥੀ ਚੰਗੇ ਬੈਂਡ ਪ੍ਰਾਪਤ ਕਰ ਕੇ ਵੱਖ-ਵੱਖ ਦੇਸ਼ਾਂ 'ਚ ਸਿੱਖਿਆ ਪ੍ਰਾਪਤ ਕਰਨ ਦਾ ਸੁਪਨਾ ਪੂਰਾ ਕਰ ਰਹੇ ਹਨ। ਸੰਸਥਾ ਦੇ ਐਮ.ਡੀ. ਗੁਰਸੇਵਕ ਸਿੰਘ ਗਾਲ੍ਹਾ ਲੰਡੇ ਨੇ ਦੱਸਿਆ ਕਿ ਵਿਕਟੋਰੀਅਸ ਆਈਲਟਸ ਤੇ ਇਮੀਗ੍ਰੇਸ਼ਨ ਸੰਸਥਾ ਵਲੋਂ ਜਸਵੀਰ ਕੌਰ ਵਾਸੀ ਠੁੱਲੀਵਾਲ ਜ਼ਿਲ੍ਹਾ ਬਰਨਾਲਾ ਦਾ ਪੰਜ ਸਾਲ ਦੇ ਗੈਪ ਉਪਰੰਤ ਯੂ.ਕੇ. ਦਾ ਸਟੱਡੀ ਵੀਜ਼ਾ ਲਗਵਾਇਆ ਗਿਆ। ਇਸ ਮੌਕੇ ਐਮ.ਡੀ. ਗੁਰਸੇਵਕ ਸਿੰਘ ਲੰਡੇ ਨੇ ਜਸਵੀਰ ਕੌਰ ਨੂੰ ਵੀਜ਼ਾ ਕਾਪੀ ਸੌਂਪਦੇ ਹੋਏ ਸ਼ੁੱਭਕਾਮਨਾਵਾਂ ਦਿੱਤੀਆਂ ਤੇ ਸੰਸਥਾ ਦੀ ਖ਼ਾਸੀਅਤ ਬਾਰੇ ਦੱਸਦਿਆਂ ਕਿਹਾ ਕਿ ਸੰਸਥਾ ਵਲੋਂ ਸਾਰੀ ਫ਼ੀਸ ਵੀਜ਼ਾ ਲਗਵਾਉਣ ਉਪਰੰਤ ਹੀ ਲਈ ਜਾਂਦੀ ਹੈ।



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਗੁਰਮੀਤ ਸਿੰਘ ਗਗੜਾ ਪ੍ਰਧਾਨ ਟਰਾਂਸਪੋਰਟ ਸੈੱਲ ਜ਼ਿਲ੍ਹਾ ਮੋਗਾ। ਤਸਵੀਰ : ਗੁਲਾਟੀ

# ਸਿੰਘਪੁਰਾ ਮੁੰਨਣ ਪਿੰਡ ਵਿਖੇ ਜਥੇਦਾਰ ਤੋਤਾ ਸਿੰਘ ਦੇ ਹੱਕ 'ਚ ਚੋਣ ਮੀਟਿੰਗ

ਕੋਟ ਈਸੇ ਖਾਂ, 3 ਜਨਵਰੀ (ਯਸ਼ਪਾਲ ਗੁਲਾਟੀ, ਗੁਰਮੀਤ ਸਿੰਘ ਖ਼ਾਲਸਾ)- ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਧਰਮਕੋਟ ਤੋਂ ਉਮੀਦਵਾਰ ਜਥੇਦਾਰ ਤੋਤਾ ਸਿੰਘ ਦੇ ਹੱਕ 'ਚ ਅਕਾਲੀ ਆਗੂਆਂ ਵਲੋਂ ਇਲਾਕੇ ਭਰ ਦੇ ਪਿੰਡਾਂ ਖੇਤ ਹਵੇਲੀਆਂ 'ਚ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸੇ ਹੀ ਲੜੀ ਤਹਿਤ ਪਿੰਡ ਸਿੰਘਪੁਰਾ ਮੁੰਨਣ ਦੇ ਬਲਵਿੰਦਰ ਸਿੰਘ ਬੈਂਸ ਸਾਬਕਾ ਮੈਂਬਰ ਬਲਾਕ ਸੰਮਤੀ, ਜਗਰੂਪ ਸਿੰਘ ਬੈਂਸ ਸਾਬਕਾ ਸਰਪੰਚ ਦੇ ਗ੍ਰਹਿ ਵਿਖੇ ਰੱਖੀ ਪਿੰਡ ਵਾਸੀਆਂ ਦੀ ਭਰਵੀਂ ਇਕੱਤਰਤਾ ਨੂੰ ਸੰਬੋਧਨ ਕਰਨ ਲਈ ਡਾ. ਜਸਵਿੰਦਰ ਸਿੰਘ ਬਰਾੜ ਬੇਟੇ ਜਥੇਦਾਰ ਤੋਤਾ ਸਿੰਘ, ਗੁਰਮੀਤ ਸਿੰਘ ਗਗੜਾ ਜ਼ਿਲ੍ਹਾ ਮੋਗਾ ਇੰਚਾਰਜ ਟਰਾਂਸਪੋਰਟ ਵਿੰਗ, ਭਗਵਾਨ ਸਿੰਘ ਅਟਾਰੀ ਪ੍ਰਧਾਨ ਕਿਸਾਨ ਵਿੰਗ ਪੁੱਜੇ। ਸੰਬੋਧਨ ਕਰਦਿਆਂ ਗੁਰਮੀਤ ਸਿੰਘ ਗਗੜਾ, ਜਸਵਿੰਦਰ ਸਿੰਘ ਬਰਾੜ, ਬਲਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ 'ਚ ਅਕਾਲੀ ਦਲ ਦੀ ਸਰਕਾਰ ਸਮੇਂ ਜਥੇਦਾਰ ਤੋਤਾ ਸਿੰਘ ਨੇ ਹਲਕੇ ਨਾਲੋਂ ਪਛੜਿਆ ਸ਼ਬਦ ਲਾਹ ਕੇ ਹਰ ਪੱਖੋਂ ਵਿਕਾਸ ਦੇ ਅਨੇਕਾਂ ਕੰਮ ਕੀਤੇ ਜਿਸ ਨੂੰ ਹਲਕੇ ਦੇ ਲੋਕ ਸ਼ਿੱਦਤ ਨਾਲ ਯਾਦ ਕਰ ਰਹੇ ਹਨ। ਕਾਂਗਰਸ ਨੇ ਝੂਠੀਆਂ ਸੋਹਾਂ ਖਾ ਕੇ ਸੱਤਾ ਹਾਸਲ ਕਰਨ ਉਪਰੰਤ ਸੂਬੇ 'ਚ ਵਿਕਾਸ ਦੇ ਕੰਮ ਨਹੀ ਕੀਤੇ ਅਤੇ ਲੋਕਾਂ ਨਾਲ ਧੋਖਾ ਕੀਤਾ ਹੈ। ਪਿੰਡਾਂ 'ਚ ਹੁਣ ਜਦ ਕਾਂਗਰਸੀ ਵੋਟਾਂ ਮੰਗਣ ਆਉਣਗੇ ਤਾਂ ਲੋਕ ਉਨ੍ਹਾਂ ਤੋਂ ਧੋਖੇ ਸਬੰਧੀ ਸਵਾਲ ਪੁੱਛਣ ਲਈ ਕਾਹਲੇ ਹਨ। ਝਾੜੂ ਵਾਲੇ ਵੀ ਝੂਠੀਆਂ ਗਰੰਟੀਆਂ ਦੇ ਗੁਮਰਾਹਕੁਨ ਲਾਰੇ ਲਾ ਰਹੇ ਹਨ। ਪੰਜਾਬ ਦੇ ਲੋਕ ਸੁਚੇਤ ਹਨ ਤੇ ਉਹ ਅਕਾਲੀ ਬਸਪਾ ਗੱਠਜੋੜ ਦੀ ਸਰਕਾਰ ਹੀ ਬਣਾਉਣਗੇ। ਇਸ ਸਮੇਂ ਸੋਹਣ ਸਿੰਘ ਸਰਪੰਚ, ਨਛੱਤਰ ਸਿੰਘ ਸਰਪੰਚ, ਹਰਦੀਪ ਸਿੰਘ ਤੂਰ, ਜਸਵੀਰ ਸਿੰਘ ਆੜ੍ਹਤੀ, ਅਜੈਬ ਸਿੰਘ ਪ੍ਰਧਾਨ, ਮੱਖਣ ਸਿੰਘ ਪੰਚ, ਮਨਜੀਤ ਸਿੰਘ ਸਾਬਕਾ ਸਰਪੰਚ, ਅਮੋਲਕ ਸਿੰਘ ਆਦਿ ਪਿੰਡ ਆਗੂ, ਸੰਗਤਾਂ ਹਾਜ਼ਰ ਸਨ।



ਮੰਗਾਂ ਨੂੰ ਲੈ ਕੇ ਪ੍ਰਧਾਨ ਨਿਰਮਲ ਸਿੰਘ ਖੋਟੇ ਦੀ ਅਗਵਾਈ ਹੇਠ ਕੀਤੀ ਮੀਟਿੰਗ ਦੌਰਾਨ ਜਾਣਕਾਰੀ ਦਿੰਦੇ ਹੋਏ। ਤਸਵੀਰ: ਸੁਖਦੇਵ ਸਿੰਘ ਖ਼ਾਲਸਾ

# ਪੇਂਡੂ ਚੌਕੀਦਾਰਾ ਯੂਨੀਅਨ ਵਲੋਂ ਤਨਖ਼ਾਹਾਂ 'ਚ ਸੂਬਾ ਸਰਕਾਰ ਤੋਂ ਵਾਧੇ ਦੀ ਕੀਤੀ ਮੰਗ

ਨਿਹਾਲ ਸਿੰਘ ਵਾਲਾ, 3 ਜਨਵਰੀ (ਸੁਖਦੇਵ ਸਿੰਘ ਖ਼ਾਲਸਾ)- ਬਲਾਕ ਨਿਹਾਲ ਸਿੰਘ ਵਾਲਾ ਦੇ ਸਮੂਹ ਚੌਕੀਦਾਰਾਂ ਯੂਨੀਅਨ ਦੇ ਪ੍ਰਧਾਨ ਨਿਰਮਲ ਸਿੰਘ ਖੋਟੇ ਦੀ ਅਗਵਾਈ ਹੇਠ ਵਿਸ਼ੇਸ਼ ਮੀਟਿੰਗ ਨਿਹਾਲ ਸਿੰਘ ਵਾਲਾ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਨਿਰਮਲ ਸਿੰਘ ਖੋਟੇ ਨੇ ਕਿਹਾ ਕਿ ਅਸੀਂ ਵੱਖ-ਵੱਖ ਪਿੰਡਾਂ ਅੰਦਰ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾ ਰਹੇ ਹਾਂ ਪਰ ਪਿਛਲੇ ਚਾਰ ਮਹੀਨਿਆਂ ਤੋਂ ਬਿਨਾਂ ਕਿਸੇ ਤਨਖ਼ਾਹ ਤੋਂ ਸਾਨੂੰ ਕੰਮ ਕਰਨਾ ਪੈ ਰਿਹਾ ਹੈ ਜੋ ਕਿ ਸਾਡੇ ਪਰਿਵਾਰਾਂ ਦੇ ਆਰਥਿਕ ਗੁਜ਼ਾਰੇ ਲਈ ਮੰਦਭਾਗਾ ਸਮਾਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਾਨੂੰ ਨਾ-ਮਾਤਰ ਸਿਰਫ਼ 1250 ਰੁਪਏ ਗੁਜ਼ਾਰਾ ਭੱਤਾ ਦਿੱਤਾ ਜਾ ਰਿਹਾ ਹੈ। ਜੇਕਰ ਕਾਂਗਰਸ ਸਰਕਾਰ ਵਲੋਂ ਸਾਡੀ ਤਨਖ਼ਾਹ 'ਚ ਯੋਗ ਵਾਧਾ ਨਾ ਕੀਤਾ ਗਿਆ ਤਾਂ ਸਮੂਹ ਚੌਕੀਦਾਰ ਆਪਣੇ ਹੱਕਾਂ ਲਈ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਸੈਕਟਰੀ ਨਾਜ਼ਰ ਸਿੰਘ ਬੀੜ ਰਾਊਕੇ, ਦਰਸ਼ਨ ਸਿੰਘ ਪੱਤੋ, ਹਾਕਮ ਸਿੰਘ, ਭੋਲਾ ਸਿੰਘ, ਕਾਲਾ ਸਿੰਘ, ਨਵਾਬ ਖਾਂ, ਅਵਤਾਰ ਸਿੰਘ, ਕੁਲਦੀਪ ਸਿੰਘ, ਮਹਿੰਦਰ ਸਿੰਘ, ਚੰਦ ਸਿੰਘ, ਹਰਦੇਵ ਸਿੰਘ, ਬਲਵੀਰ ਸਿੰਘ, ਨਾਇਬ ਸਿੰਘ, ਸੁਖਵਿੰਦਰ ਸਿੰਘ, ਨੰਬਰਦਾਰ ਮਨਜੀਤ ਸਿੰਘ ਆਦਿ ਹਾਜ਼ਰ ਸਨ।

